# ਔਰਤ ਕਾਵਿ

## ਦਿਲ ਦਾ ਸੁਰਾਖ਼

ਔਰਤ ਦਾ ਹੀ ਦਿਲ ਹੈ
ਇਹ ਜੋ ਕੋਮਲ ਫੁੱਲ ਫੌਲਾਦ
ਪੀੜ੍ਹੀ ਦਰ ਪੀੜ੍ਹੀ ਵਰਸੋਇਆ
ਔਰਤ ਦੇ ਦਿਲ ਵਿਚ ਹੈ ਇਕ ਸੁਰਾਖ਼!

ਦਿਲ ਸੋਚਦਾ ਹੈ ਔਰਤ ਦਾ
ਹੈ ਮਸਤਕ ਸੰਵੇਦਨਸ਼ੀਲ ਵਿਵੇਕ
ਕੁਦਰਤ ਦੇ ਕਾਦਰ ਦਾ ਕ੍ਰਿਸ਼ਮਾ:
ਪ੍ਰਥਮ ਕਲੀ ਬਹਾਰ ਦੀ ਖਿੜ ਜਾਂਦੀ
ਬੇਖ਼ਬਰ ਮਹਿਕਣ ਟਹਿਕਣ ਲੱਗ ਜਾਂਦੀ
ਜਦ ਤੱਕ ਕੋਈ ਵਹਿਸ਼ਤ ਉਸ ਨੂੰ
ਆਪਣੇ ਪੈਰਾਂ ਹੇਠ ਕੁਚਲ ਨਾ ਦੇਂਦੀ
ਜਦ ਤੱਕ ਉਹ ਆਪਣਿਆਂ ਤੋਂ ਤੋੜ
ਇਕੱਲੀ ਕਰ ਦਿੱਤੀ ਨਾ ਜਾਂਦੀ!
ਜਦ ਤੱਕ ਪਰੰਪਰਾ ਦੀ ਆਵਾਜ਼
ਉਹਨੂੰ ਇਹ ਚੇਤਾ ਕਰਾ ਨਾ ਦੇਂਦੀ
ਕਿ ਔਰਤ ਦੇ ਦਿਲ ਵਿਚ ਹੈ ਇਕ ਸੁਰਾਖ਼!

ਜਨਮ ਵੇਲੇ ਮਾਂ ਨੇ ਦਿੱਤਾ ਇਹ ਸੁਰਾਖ਼
ਦਿਲ ਵਿਚ ਖੁੱਭਿਆ ਕਿੱਲ ਖਿੱਚ ਦਿੱਤਾ
ਜਦ ਪਹਿਲੀ ਵਾਰ ਚਾਨਣ ਡਿੱਠਾ
ਕੁੱਖ ਤੋਂ ਬਾਹਰ ਤੇ ਬੋਲ ਸੁਣੇ
ਗੁੜ੍ਹਤੀ ਦੇ ਨਾਲ: "ਵਾਰਸ ਨਹੀਂ,
ਪੱਥਰ ਡਿੱਗ ਪਿਆ
ਸਾਡੇ ਘਰ ਫਿਰ ਇਸ ਵਾਰ!"
ਹਰ ਨਵ-ਜਨਮੀ ਬੱਚੀ ਦੀ
ਨਿਕਲ ਜਾਂਦੀ ਬੜੀ ਮਾਰਮਿਕ ਚੀਖ਼
ਕਿੱਲ ਖਿੱਚਣ ਨਾਲ ਜੋ ਬਣ ਜਾਂਦਾ
ਦਿਲ ਵਿਚ ਜੰਮਦੇ ਸਾਰ ਸੁਰਾਖ਼!

ਪਰੰਪਰਾ ਨੇ ਦਿੱਤਾ ਦਿਲ ਦਾ ਸੁਰਾਖ਼
ਹੱਸਦੀ ਹੱਸਦੀ ਕਹਿੰਦੀ ਸੀ ਮਾਂ
ਕਿ ਉਹਦੇ ਦਿਲ ਵਿਚ ਵੀ ਸੀ ਇਕ ਸੁਰਾਖ਼
ਉਹਦੀ ਮਾਂ ਦੇ ਦਿਲ ਵਿਚ ਵੀ

ਤੇ ਉਹਦੀ ਮਾਂ ਦੀ ਮਾਂ ਦੇ ਦਿਲ ਵਿਚ ਵੀ
ਤੇ ਉਹਦੀ ਮਾਂ ਦੀ ਮਾਂ ਦੇ ਦਿਲ ਵਿਚ ਵੀ
ਸੀ ਇਕ ਸੁਰਾਖ਼!
ਗੁੜ੍ਹਤੀ ਦੇ ਨਾਲ ਮੋਹਰਾ ਚੱਟਦੀ
ਹਨੇਰੇ ਜ਼ਿਹਨਾਂ ਦੀ ਕਾਲਖ਼ ਹਰਦੀ
ਪੀ ਪੀ ਅੱਗ ਭਰਮਾ ਵਹਿਮਾ ਦੀ
ਹਰ ਦੁੱਖੜਾ ਸੀਨੇ ਜਰਦੀ
ਕਿਸੇ ਤਰ੍ਹਾਂ ਉਹ ਮਰਦੀ ਭਰਦੀ
ਆਪਣੀ ਧਰਤੀ ਨੂੰ
ਮੁੜ ਮੁੜ ਜ਼ਰਖ਼ੇਜ਼ ਹੈ ਕਰਦੀ!
ਇਹ ਔਰਤ ਦਾ ਹੀ ਦਿਲ ਹੈ
ਜੋ ਕੋਮਲ ਫੁੱਲ ਫੌਲਾਦ
ਕੀ ਹੋਇਆ ਜੇ ਪੀੜ੍ਹੀ ਦਰ ਪੀੜ੍ਹੀ
ਔਰਤ ਦੇ ਦਿਲ ਵਿਚ ਹੈ ਸੁਰਾਖ਼!